ਦਫ਼ਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.) ਕਮ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਬਠਿੰਡਾ
ਕਮਰਾ ਨੰ:242-ਬੀ, ਪਹਿਲੀ ਮੰਜਿਲ, ਮਿਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

SIR

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

**ਪੱਤਰ ਨੰ:ਚੋਣ-2026/ 678** **ਮਿਤੀ: 01-09-2026**

ਵਿਖੇ,

ਸਮੂਹ ਬੀ.ਐਲ.ਓ,
091-ਭੁੱਚੋ ਮੰਡੀ (ਅ.ਜ),
ਵਿਧਾਨ ਸਭਾ ਹਲਕਾ।

ਵਿਸ਼ਾ:- **Conduct of Special Camp on all booths for Electoral Services under SIR-2026 on 6th September 2026 (Sunday)**

**ਉਪਰੋਕਤ** ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ: 01-10-2026 ਦੇ ਆਧਾਰ ਤੇ ਫੋਟੋ ਵੋਟਰ ਸੂਚੀਆਂ **ਦੀ ਸੁਧਾਈ ਦਾ ਕੰਮ ਸ਼ੁਰੂ ਹੋ ਚੁੱਕਾ** ਹੈ। ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀ ਦਿੱਲੀ ਵੱਲੋ ਜਾਰੀ ਸ਼ਡਿਊਲ ਅਨੁਸਾਰ ਮਿਤੀ 6 ਸਤੰਬਰ **2026 (ਐਤਵਾਰ) ਨੂੰ ਸਵੇਰੇ** 10.00 ਵਜੇ ਤੋਂ ਸ਼ਾਮ 4.00 ਵਜੇ ਪੋਲਿੰਗ ਸਟੇਸ਼ਨਾਂ ਤੇ ਸਪੈਸ਼ਲ ਕੈਂਪ ਲਗਾਇਆ ਜਾਣਾ ਹੈ। ਇਸ ਸਬੰਧੀ **ਸਮੂਹ ਬੂਥ ਲੈਵਲ ਅਫ਼ਸਰ** ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਹਾਜਰ ਰਹਿਣਾ ਯਕੀਨੀ ਬਣਾਉਣਗੇ ਅਤੇ ਆਮ ਜਨਤਾ ਪਾਸੋ **ਦਾਅਵੇ/ਇਤਰਾਜ ਪ੍ਰਾਪਤ ਕਰਨਗੇ।**

**ਸਪੈਸ਼ਲ ਕੈਂਪ** ਦੌਰਾਨ ਪ੍ਰਾਪਤ ਹਏ ਦਾਅਵੇ/ਇਤਰਾਜ ਦੀ ਸੂਚਨਾਂ ਨਿਮਨ ਪ੍ਰੋਫਾਰਮੇ ਵਿੱਚ ਮਿਤੀ: 06-09-26 ਨੂੰ ਸ਼ਾਮ 5.00 **ਵਜੇ ਤੱਕ ਰਿਪੋਰਟ** ਹਰ ਹਾਲਤ ਵਿੱਚ ਸਬੰਧਤ ਸੈਕਟਰ ਅਫ਼ਸਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

**ਇਸ ਤੋ** ਇਲਾਵਾ ਸਪੈਸ਼ਲ ਕੈਪ ਵਾਲੇ ਦਿਨ ਮੁੱਖ ਦਫ਼ਤਰ/ਰੋਲ ਅਬਜਰਵਰ/ਜਿਲ੍ਹਾ ਚੋਣ ਅਫ਼ਸਰ/ਵਧੀਕ ਜਿਲ੍ਹਾ ਚੋਣ **ਅਫ਼ਸਰ/ਚੋਣ ਤਹਿਸੀਲਦਾਰ** ਅਤੇ ਨਿਮਨਹਸਤਾਖਰ ਵੱਲੋ ਵੀ ਪੋਲਿੰਗ ਬੂਥਾਂ ਤੇ ਬੂਥ ਲੈਵਲ ਅਫ਼ਸਰਾਂ ਦੀ ਹਾਜਰੀ ਚੈਕ ਕੀਤੀ ਜਾਵੇਗੀ। ਗੈਰ **ਹਾਜਰ ਪਾਏ ਗਏ ਬੂਥ ਲੈਵਲ** ਅਫ਼ਸਰਾਂ ਵਿਰੁੱਧ ਚੋਣ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

| **ਬੂਥ ਦਾ ਨੰ: ਅਤੇ ਨਾਮ** | **ਸਪੈਸ਼ਲ ਕੈਂਪ** ਮਿਤੀ 06-09-2026 **ਦੌਰਾਨ** ਪ੍ਰਾਪਤ ਹੋਏ ਫਾਰਮ ਨੰ: 6 | | | ਫਾਰਮ ਨੰ: 6 ਏ | ਫਾਰਮ ਨੰ: 7 | ਫਾਰਮ ਨੰ: 8 |
|---|---|---|---|---|---|---|
| | 18-19 ਸਾਲ | 19 ਸਾਲ ਤੋਂ ਵੱਧ | ਕੁੱਲ ਪ੍ਰਾਪਤ ਹੋਏ ਫਾਰਮ ਨੰ: 6 | | | |
| | | | | | | |

ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
-ਕਮ- ਉੱਪ ਮੁੱਖ ਕਾਰਜਕਾਰੀ ਅਫਸਰ,
ਜਿਲ੍ਹਾ ਪ੍ਰੀਸ਼ਦ, ਬਠਿੰਡਾ।
ਮਿਤੀ: 01-09-2026

**ਪਿੱਠ ਅੰਕਣ ਨੰ:** 679-84
**ਉਪਰੋਕਤ** ਦੀ ਨਕਲ ਹੇਠ ਲਿਖਿਆਂ ਨੂੰ:-

1) **ਜਿਲ੍ਹਾ ਚੋਣ ਅਫ਼ਸਰ,ਬਠਿੰਡਾ** ਜੀ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ।
2) **ਸਮੂਹ ਸੁਪਰਵਾਈਜ਼ਰ,** 091-ਭੁੱਚੋ ਮੰਡੀ (ਅ.ਜ), ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਦੀ **ਪਾਲਣਾ ਕੀਤੀ ਜਾਵੇ** ਅਤੇ ਆਪਣੇ ਨਾਲ ਸਬੰਧਤ ਸਮੂਹ ਬੀ.ਐਲ.ਓ ਵੱਲੋ ਉਕਤ ਪ੍ਰੋਫਾਰਮੇ ਤੇ ਰਿਪੋਰਟ ਪ੍ਰਾਪਤ ਕਰਕੇ ਕੰਪਾਈਲ **ਰਿਪੋਰਟ** ਮਿਤੀ 06-09-2026 ਨੂੰ ਸ਼ਾਮ 5.30 ਵਜੇ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ।
3) **ਜਿਲ੍ਹਾ ਸਿੱਖਿਆ ਅਫ਼ਸਰ** (ਸੈਕੰਡਰੀ/ਐਲੀਮੈਂਟਰੀ),ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਬਿਲਡਿੰਗਾਂ ਵਿੱਚ 091-ਭੁੱਚੋ ਮੰਡੀ **(ਅ.ਜ) ਵਿਧਾਨ ਸਭਾ** ਹਲਕੇ ਦੇ ਬੂਥ ਬਣੇ ਹੋਏ ਹਨ ਉਨ੍ਹਾਂ ਬਿਲਡਿੰਗਾਂ ਨੂੰ ਮਿਤੀ: 06-09-2026 ਨੂੰ ਖੁੱਲਾ ਰੱਖਿਆ ਜਾਵੇ ਅਤੇ **ਬੀ.ਐਲ.ਓਜ/ਸੁਪਰਵਾਈਜ਼ਰ** ਨੂੰ ਲੋੜੀਂਦਾ ਫਰਨੀਚਰ/ਪਾਣੀ ਮੁਹੱਈਆ ਕਰਵਾਇਆ ਜਾਵੇ ਅਤੇ ਕੈਂਪ ਦੌਰਾਨ ਪੂਰਨ ਸਹਿਯੋਗ ਦਿੱਤਾ ਜਾਵੇ।
4) **ਸ੍ਰੀ ਪ੍ਰੇਮ ਸਿੰਗਲਾ, ਸਿਥ** ਮਾਸਟਰ,ਸ.ਹ.ਸ.ਬੰਬੀਹਾ (ਸਵੀਪ ਨੋਡਲ ਅਫ਼ਸਰ) ਅਤੇ ਸਮੂਹ ਸਵੀਪ ਮੈਂਬਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ **ਮਿਤੀ: 06-09-2026** ਨੂੰ ਲਗਾਏ ਜਾਣ ਵਾਲੇ ਕੈਂਪ ਸਬੰਧੀ ਆਮ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ ਅਤੇ ਯੋਗ ਵੋਟਰਾਂ ਨੂੰ ਫਾਰਮ ਭਰਨ **ਲਈ ਪ੍ਰੋਤਸ਼ਾਹਿਤ** ਕਰਦੇ ਹੋਏ ਉਨ੍ਹਾਂ ਪਾਸੋਂ ਇਸ ਕੈਂਪ ਵਿੱਚ ਵੱਧ ਤੋਂ ਵੱਧ ਫਾਰਮ ਭਰਵਾਏ ਜਾਣ ।
5) **ਸਮੂਹ ਰਾਜਨੀਤਿਕ** ਪਾਰਟੀਆਂ,091 -ਭੁੱਚੋ ਮੰਡੀ (ਅ.ਜ)ਵਿਧਾਨ ਸਭਾ ਹਲਕਾ,ਬਠਿੰਡਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰ **ਦੇ ਹਲਕੇ** ਅਧੀਨ ਆਉਂਦੇ ਸਮੂਹ ਬੀ.ਐਲ.ਓ ਪਾਸੋ ਮਿਤੀ: 06-09-2026 ਨੂੰ ਉਨ੍ਹਾਂ ਦੇ ਬੂਥਾਂ ਉੱਪਰ ਬੈਠ ਕੇ ਸਪੈਸ਼ਲ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੀ ਪਾਰਟੀ ਦੇ ਬੀ.ਐਲ.ਏ 1/2 ਨੂੰ ਇਸ ਸਬੰਧੀ ਸੂਚਿਤ ਕਰਦੇ ਹੋਏ ਉਨ੍ਹਾਂ ਵੱਲੋ ਇਸ ਕੈਂਪ ਵਿੱਚ ਸ਼ਮੂਲਿਅਤ ਕਰਵਾਈ ਜਾਵੇ ਜੀ।

## ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ

091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਬਠਿੰਡਾ
ਕਮਰਾ ਨੰ:242-ਬੀ, ਪਹਿਲੀ ਮੰਜ਼ਿਲ, ਮਿੰਨੀ ਸਕੱਤਰੇਤ, ਬਠਿੰਡਾ
email:-ero-91@punjab.gov.in

SIR

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

**ਪੱਤਰ ਨੰ:ਚੋਣਾਂ-2026/**

**ਮਿਤੀ:**

---

6) 1) ਕਾਰਜਸਾਧਕ ਅਫਸਰ, ਨਗਰ ਕੌਂਸਲ, ਭੁੱਚੋ ਮੰਡੀ/ਗੋਨਿਆਣਾ
2) ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਨਥਾਣਾ/ਲਹਿਰਾ ਮੁਹੱਬਤ
3) ਬੀ.ਡੀ.ਪੀ.ਓ ਗੋਨਿਆਣਾ/ਨਥਾਣਾ

ਨੂੰ ਭੇਜ ਕੇ ਲਿਖਿਆ ਜਾਂਦਾ ਹੈ ਉਪਰੋਕਤ ਸਬੰਧੀ ਮਿਤੀ: 06-09-2026 ਨੂੰ ਲਗਾਏ ਜਾ ਰਹੇ ਕੈਂਪ ਸਬੰਧੀ [illegible] ਵੱਧ ਤੋਂ ਵੱਧ ਮੁਨਿਆਦੀ ਕਰਵਾਈ ਜਾਵੇ

ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ.) ਵਿਧਾਨ ਸਭਾ ਹਲਕਾ
-ਕਮ- ਉਪ ਮੁੱਖ ਕਾਰਜਕਾਰੀ ਅਫਸਰ,
ਜ਼ਿਲ੍ਹਾ ਪ੍ਰੀਸ਼ਦ, ਬਠਿੰਡਾ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿੱਠ ਅੰਕਣ ਨੰ ਸੀ-1/1 ( )2026/ 1842 ਮਿਤੀ : 02-09-26

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

02/09/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ